ਬਲਜੀਤ ਸਿੰਘ ਬਡਬਰ ਦੀ ਮਾਣਮੱਤੀ ਤੇ ਵਿਲੱਖਣ ਉਪਲੱਬਧੀ ਹੈ-'ਸਿੱਖੀ ਦਾ ਜਨੂੰਨ'

ਪੰਜਾਬੀ ਸੰਗੀਤ ਜਗਤ ਵਿਚ ਹਰ ਨਵੇਂ ਦਿਨ ਨਵੇਂ ਕਲਾਕਾਰ ਆਪਣੇ ਸੰਗੀਤਕ ਉਪਰਾਲਿਆਂ ਨਾਲ ਪ੍ਰਵੇਸ਼ ਕਰ ਰਹੇ ਹਨ ਪਰ ਉਹ ਚੰਦ ਕੁ ਕਲਾਕਾਰ ਹਨ ਜਿਨ੍ਹਾਂ ਨੂੰ ਪੰਜਾਬੀ ਸੰਗੀਤ ਪ੍ਰੇਮੀ ਆਪਣੇ ਦਿਲਾਂ ਵਿਚ ਥਾਂ ਦਿੰਦੇ ਹਨ। ਬਲਜੀਤ ਬਡਬਰ ਤੋਂ ਬਲਜੀਤ ਸਿੰਘ ਬਡਬਰ ਬਣਿਆ ਅਜਿਹਾ ਕਲਾਕਾਰ ਹੈ ਜਿਸਨੇ ਇੱਕ ਵਾਰ ਲੋਕਾਈ ਨੂੰ ਰੁਮਾਂਟਿਕ ਗੀਤਾਂ ਦੀ ਕੈਸਿਟ 'ਤੇਰੀਆਂ ਚਿੱਠੀਆਂ' ਜ਼ਰੀਏ ਆਪਣੀ ਪਹਿਚਾਣ ਦਿੱਤੀ ਸੀ। ਫਿਰ ਅਚਾਨਕ ਆਏ ਬਦਲਾਵ ਕਾਰਨ ਉਸਨੇ ਅਜਿਹਾ ਮੋੜਾ ਕੱਟਿਆ

ਕਿ ਆਪਣੇ ਫਰਜ਼ਾਂ ਦੀ ਪਹਿਚਾਣ ਕਰਕੇ ਉਨ੍ਹਾਂ 'ਤੇ ਪਹਿਰਾ ਦੇਣ ਲਈ ਸਾਡੇ ਕੁਰਬਾਨੀਆਂ ਭਰੇ ਮਹਾਨ ਇਤਿਹਾਸਕ ਵਿਰਸੇ ਦੀ ਥਾਹ ਪਾਉਣ ਲਈ ਸਿਦਕ ਤੇ ਸਿਰੜ ਨਾਲ ਮਿਹਨਤ ਵਿੱਚ ਜੁੱਟ ਗਿਆ। ਉਸਦੀ ਮਿਹਨਤ ਰੰਗ ਲਿਆਈ, ਪੰਜਾਬ ਦੀ ਵਰਤਮਾਨ ਸਮੇਂ ਦੀ ਪ੍ਰਸਿੱਧ ਸੰਗੀਤਕ ਕੰਪਨੀ ਐਸ.ਐਮ.ਆਈ. ਨੇ ਉਸਦੀ ਧਾਰਮਿਕ ਕੈਸਿਟ 'ਸਿੱਖੀ ਦਾ ਜਨੂੰਨ' ਨੂੰ ਮਾਰਕੀਟ ਵਿਚ ਪੂਰੀ ਸਜ਼ ਧਜ਼ ਨਾਲ ਰਿਲੀਜ਼ ਕਰ ਦਿੱਤਾ।

ਬਲਜੀਤ ਸਿੰਘ ਬਡਬਰ ਦਾ ਜਨਮ ਜ਼ਿਲ੍ਹਾ ਸੰਗਰੂਰ ਦੇ ਪ੍ਰਸਿੱਧ ਪਿੰਡ ਬਡਬਰ ਵਿਖੇ ਮਾਤਾ ਬਲਵੀਰ ਕੌਰ ਦੀ ਕੁੱਖੋਂ ਪਿਤਾ ਸ: ਬਲਕਾਰ ਸਿੰਘ ਚੰਬਲ ਦੇ ਗ੍ਰਹਿ ਵਿਖੇ ਹੋਇਆ। ਸਕੂਲ ਦੀ ਪੜ੍ਹਾਈ ਪਿੰਡ ਬਡਬਰ ਤੋਂ ਕਰਨ ਉਪਰੰਤ ਅਕਾਲ ਡਿਗਰੀ ਕਾਲਜ ਮਸਤੂਆਣਾ ਤੋਂ ਉੱਚ ਵਿੱਦਿਆ ਦੀ ਤਾਲੀਮ ਹਾਸਿਲ ਕੀਤੀ। ਇਸੇ ਦੌਰਾਨ ਜ਼ਿਹਨ ਵਿਚ ਪੈਦਾ ਹੋਏ ਗਾਇਕੀ ਦੇ ਬੀਜ਼ ਨੇ ਪੁੰਗਰਨਾ ਸ਼ੁਰੂ ਕੀਤਾ ਤਾਂ ਉਹ ਸੰਗੀਤਕ ਤਾਲੀਮ ਲਈ ਮੈਡਮ ਮਨਪ੍ਰੀਤ ਅਖ਼ਤਰ ਦੀ ਸ਼ਰਨ 'ਚ ਚਲਾ ਗਿਆ। ਥੋੜ੍ਹੇ ਸਮੇਂ 'ਚ ਹੀ ਸੰਗੀਤ ਦੀਆਂ ਬਾਰੀਕੀਆਂ ਦੀ ਥਾਹ ਪਾ ਕੇ ਉਸਨੇ ਪਲੇਠੀ ਕੈਸਿਟ 'ਤੇਰੀਆਂ ਚਿੱਠੀਆਂ' ਰਿਕਾਰਡ ਕਰਵਾਈ। ਜਿਸਦੇ ਬੇਹੱਦ ਮਕਬੂਲ ਹੋਏ ਗੀਤ 'ਜਿਹੜਾ ਉੱਠਦੇ ਝਿੜਕ ਲੈਂਦੇ ਬਾਵਲਾ, ਮੈਂ ਕੁੜੀ ਆਂ ਨਾ ਤਾਂ ਕਰਕੇ ਨੇ ਬਲਜੀਤ ਨੂੰ ਸੰਗੀਤ ਦੀ ਦੁਨੀਆਂ ਵਿਚ ਇੱਕ ਵਿਸ਼ੇਸ਼ ਪਹਿਚਾਣ ਦਿਵਾਈ।

ਬਲਜੀਤ ਸਿੰਘ ਮੰਨਦਾ ਹੈ ਕਿ ਵਾਹਿਗੁਰੂ ਦੀ ਅਪਾਰ ਬਖ਼ਸ਼ਿਸ਼ ਸਦਕਾ ਜੀਵਨ 'ਚ ਆਈ ਇਨਕਲਾਬੀ ਤਬਦੀਲੀ ਨੇ ਉਸਨੂੰ ਅਹਿਸਾਸ ਕਰਵਾਇਆ ਕਿ ਸੰਗੀਤਕ ਪੰਧ 'ਤੇ ਤੁਰਨ ਦੇ ਨਾਲ-ਨਾਲ ਸਾਡੇ ਮਹਾਨ ਗੁਰੂਆਂ ਵੱਲੋਂ ਦਰਸਾਏ ਸਿੱਖੀ ਦੇ ਮਾਰਗ ਤੋਂ ਵੀ ਭਟਕਣਾ ਨਹੀਂ ਚਾਹੀਦਾ। ਜਿਸ ਕਰਕੇ ਉਹ ਸਾਬਤ ਸੂਰਤ ਦਸਤਾਰ ਸਿਰਾ ਬਾਣੀ ਦੇ ਮਹਾਂਵਾਕ ਅਨੁਸਾਰ ਸਿੰਘ ਸਜ ਗਿਆ ਤੇ ਸਿੱਖ ਧਰਮ ਦੇ ਇਤਿਹਾਸ ਦੀ ਵਡਮੁੱਲੀ ਜਾਣਕਾਰੀ ਹਿੱਤ ਸਖ਼ਤ ਮਿਹਨਤ ਸੰਗ ਜੁੜ ਗਿਆ। ਉਸਨੇ ਇੱਕ ਪ੍ਰਪੱਕ ਤੇ ਹੰਢੇ ਹੋਏ ਗੀਤਕਾਰ ਵਾਂਗ ਸਿੱਖ ਇਤਿਹਾਸ ਦੇ ਪ੍ਰਸੰਗਾਂ ਨੂੰ ਗੀਤਾਂ ਦਾ ਰੂਪ ਦੇ ਕੇ ਆਪਣੀ ਕਲਮ ਦੀ ਸਿਰਜਨਾਤਮਿਕ ਯੋਗਤਾ ਦਾ ਲੋਹਾ ਮਨਵਾਇਆ। ਖੁਦ ਲਿਖੇ ਗੀਤਾਂ ਨੂੰ ਜਦੋਂ ਬਲਜੀਤ ਸਿੰਘ ਨੇ ਆਪਣੀ ਮੰਝੀ-ਸੰਵਾਰੀ ਆਵਾਜ਼ ਤੇ ਹਰਜੀਤ ਗੁੱਡੂ ਦੇ ਸੰਗੀਤ 'ਚ ਰਿਕਾਰਡ ਕਰਵਾਕੇ ਕੈਸਿਟ ਮਾਰਕੀਟ ਵਿਚ ਭੇਜੀ ਤਾਂ ਸੰਗੀਤਕ ਹਲਕਿਆਂ ਵਿਚ ਬਲਜੀਤ ਸਿੰਘ ਦੀ ਗਾਇਕੀ ਦੀ ਗੱਲ ਹਰ ਪਾਸੇ ਹੋਣ ਲੱਗ ਪਈ। ਕੈਸਿਟ 'ਸਿੱਖੀ ਦਾ ਜਨੂੰਨ' ਵਿਚਲੇ ਅੱਠ ਗੀਤਾਂ ਵਿੱਚੋਂ ਛੇ ਗੀਤਾਂ ਦੀ ਰਚਨਾ ਬਲਜੀਤ ਸਿੰਘ ਨੇ ਖੁਦ ਕੀਤੀ ਹੈ ਜਦੋਂਕਿ ਦੋ ਗੀਤ ਜੋਗਾ ਮੱਲ੍ਹੀ ਰੱਤਾਖੇੜਾ ਵਾਲੇ ਦੇ ਲਿਖੇ ਹੋਏ ਹਨ। ਕੈਸਿਟ ਦਾ ਪਹਿਲਾ ਗੀਤ 'ਨਾਂਅ ਨਾਲ ਸਿੱਖ ਕਿਉਂ ਲਾਉਂਦੇ ਹਾਂ' ਸਿੱਖ ਕੌਮ ਦੇ ਵਾਰਿਸਾਂ ਦੇ ਨਾਂਅ ਨਾਲ 'ਸਿੰਘ' ਸ਼ਬਦ ਜੋੜੇ ਜਾਣ ਦੀ ਮਹੱਤਤਾ ਦਰਸਾਉਂਦਾ ਹੈ। ਦੂਸਰਾ ਗੀਤ 'ਇਹ ਕਲਗੀ ਤਾਂ ਕਲਗੀਆਂ ਵਾਲੇ ਦੇ ਹੀ ਜੱਚਦੀ ਐ' ਅਖੌਤੀ ਗੁਰੂ ਬਣਕੇ ਕਲਗੀ ਸਜਾਉਣ ਵਾਲਿਆਂ ਲਈ ਇੱਕ ਵੰਗਾਰ ਹੈ, ਇੱਕ ਚੁਣੌਤੀ ਹੈ। ਇਸ ਗੀਤ ਨੂੰ ਚੈਨਲਾਂ ਦੇ ਜ਼ਰੀਏ ਲੋਕਾਂ ਦਾ ਅਥਾਹ ਪਿਆਰ ਮਿਲਿਆ ਹੈ। ਗੀਤ 'ਜੈਕਾਰ ਬਾਜ਼ਾਂ ਵਾਲੇ ਦਾ' ਨਿਵੇਕਲੀ ਕਿਸਮ ਦਾ ਗੀਤ ਹੈ ਜਿਸ ਵਿੱਚ ਗਾਇਕ ਬਲਜੀਤ ਸਿੰਘ ਤੇ ਗਾਇਕਾ ਗੁਰਲੇਜ਼ ਅਖ਼ਤਰ ਨੇ ਬੜੇ ਸੋਹਣੇ ਢੰਗ ਨਾਲ ਗੁਰੂ ਸਾਹਿਬ ਦੇ ਬਖਸ਼ੇ ਜੈਕਾਰੇ ਤੇ ਫਤਿਹ ਦੀ ਰਸਮੀ ਜਾਣ ਪਹਿਚਾਣ ਕਰਵਾਈ ਹੈ। 'ਰਾਜ ਕਰੇਗਾ ਖ਼ਾਲਸਾ' ਗੰਭੀਰ ਵਿਸ਼ੇ ਨੂੰ ਲੈ ਕੇ ਲਿਖਿਆ ਗਿਆ ਗੀਤ ਹੈ ਜਿਸ ਵਿੱਚ ਸਿੱਖ ਕੌਮ ਨਾਲ ਸਮੇਂ ਸਮੇਂ ਹੁੰਦੀਆਂ ਆਈਆਂ ਜਿਆਦਤੀਆਂ ਦਾ ਬਾਖੂਬੀ ਚਿਤਰਨ ਹੈ। 'ਚਰਨਾਂ ਨਾਲ ਜੋੜ ਲਵੋ' ਧਾਰਮਿਕ ਭਾਵਨਾ ਨੂੰ ਪ੍ਰਗਟਾਉਂਦਾ ਗੀਤ ਹੈ। 'ਮੇਰੇ ਮਨਾ' ਗੀਤ ਵੀ ਕੁਝ ਇਸ ਤਰ੍ਹਾਂ ਦਾ ਹੀ ਗੀਤ ਹੈ। 'ਬੱਚੇ ਸ਼ੇਰ ਦੇ' ਗੀਤ ਦਸਵੇਂ ਪਿਤਾ ਜੀ ਦੇ ਛੋਟੇ ਸਾਹਿਬਜਾਦਿਆਂ ਦੀ ਬਹਾਦਰੀ ਤੇ ਸਿਦਕਦਿਲੀ ਦੀ ਸ਼ਾਹਦੀ ਭਰਦਾ ਹੈ। ਕੈਸਿਟ ਦਾ ਆਖਰੀ ਤੇ ਟਾਈਟਲ ਗੀਤ 'ਸਿੱਖੀ ਦਾ ਜਨੂੰਨ' ਸਾਰੇ ਗੀਤਾਂ 'ਚੋਂ ਮਨ ਨੂੰ ਭਾਉਂਦਾ ਗੀਤ ਹੈ। ਜਿੱਥੇ ਇਸ ਦਾ ਸੰਗੀਤ ਤੇ ਕੰਪੋਜੀਸ਼ਨ ਸੁਣਨ ਵਾਲੇ ਦੇ ਕਲੇਜੇ ਧੂਹ ਪਾਉਂਦੇ ਹਨ ਉੱਥੇ ਵਿਸ਼ੇ ਪੱਖੋਂ ਵੀ ਇਹ ਗੀਤ ਆਤਮਾ ਨੂੰ ਝੰਜੋੜ ਦੇਣ ਦੀ ਸਮਰੱਥਾ ਰੱਖਦਾ ਹੈ। ਮੁੱਕਦੀ ਗੱਲ ਸਮੁੱਚੀ ਕੈਸਿਟ ਦਾ ਮੈਟਰ ਕਮਾਲ ਦਾ ਹੈ ਜਿਹੜਾ ਸਿੱਖ ਕੌਮ ਦੇ ਮਹਾਨ ਇਤਿਹਾਸ ਤੋਂ ਮੂਲੋਂ ਕੋਰੇ ਲੋਕਾਂ ਨੂੰ ਇਸਦੀ ਮਹਾਨਤਾ ਤੇ ਸਿੰਘਾਂ ਦੀ ਸਿਦਕ ਦਿਲੀ ਦੇ ਦਰਸ਼ਨ ਕਰਵਾਉਣ ਵਿੱਚ ਖ਼ਰਾ ਉਤਰਦਾ ਹੈ।

ਸੱਭਿਆਚਾਰਕ ਗਾਇਕੀ ਤੋਂ ਧਾਰਮਿਕ ਗਾਇਕੀ ਵੱਲ ਖਿੱਚੇ ਜਾਣ ਸੰਬੰਧੀ ਬਲਜੀਤ ਸਿੰਘ ਦਾ ਕਹਿਣਾ ਹੈ ਕਿ ਗੁਰਦੁਆਰਾ ਸ਼ਹੀਦ ਬਾਬਾ ਨੱਥਾ ਸਿੰਘ ਜੀ ਦੇ ਮੁੱਖ ਸੇਵਾਦਾਰ ਸੰਤ ਬਾਬਾ ਅਜੈ ਨੌਂਹਿਲ ਸਿੰਘ ਜੀ ਦੀ ਪ੍ਰੇਰਨਾ ਸਦਕਾ ਮੈਂ ਧਾਰਮਿਕ ਗਾਇਕੀ ਵੱਲ ਮੁੜਿਆ ਹਾਂ। ਉਸਦਾ ਕਹਿਣਾ ਹੈ ਕਿ ਸੱਭਿਆਚਾਰਕ ਅਖਾੜਿਆਂ ਵਿਚ ਸ਼ਰਾਬੀਆਂ ਦੀਆਂ ਕੂਕਾਂ ਤੇ ਕਿਲਕਾਰੀਆਂ ਨਾਲੋਂ ਧਾਰਮਿਕ ਪ੍ਰੋਗਰਾਮਾਂ ਵਿੱਚ ਗਾਉਂਦੇ ਸਮੇਂ ਤੇ ਸੰਗਤ ਵੱਲੋਂ ਗੂੰਜਦੇ ਜੈਕਾਰਿਆਂ ਨਾਲ ਮਨ ਨੂੰ ਵਧੇਰੇ ਸਕੂਨ ਮਿਲਦਾ ਹੈ ਤੇ ਜਿਸ ਨਾਲ ਇੱਕ ਅਲੌਕਿਕ ਅਹਿਸਾਸ ਹੁੰਦਾ ਹੈ। ਕੈਸਿਟ 'ਸਿੱਖੀ ਦਾ ਜਨੂੰਨ' ਰਿਕਾਰਡ ਕਰਵਾਉਣ ਲਈ ਮੈਂ ਵਿਸ਼ੇਸ਼ ਤੌਰ 'ਤੇ ਭਾਈ ਧਰਮ ਸਿੰਘ ਖ਼ਾਲਸਾ ਟਰੱਸਟ ਅੰਮ੍ਰਿਤਸਰ ਦਾ ਬਹੁਤ ਧੰਨਵਾਦੀ ਹਾਂ। ਇਸ ਪ੍ਰੋਜੈਕਟ ਦੇ ਸਹਿਯੋਗ ਲਈ ਸ: ਗੁਰਚਰਨ ਸਿੰਘ ਚੰਨੀ (ਜੈਪਿਨੀ ਸਟੂਡੀਓ ਧਨੌਲਾ) ਸ: ਗੁਰਜੰਟ ਸਿੰਘ ਬਡਰੁੱਖਾਂ ਤੇ ਮੈਡਮ ਕਿਰਨਜੀਤ ਕੌਰ ਜੀ (ਡਾਇਰੈਕਟਰ ਬੀਬੀ ਭਾਨੀ ਪਬਲਿਕ ਸਕੂਲ, ਕਾਲਜ ਲੌਂਗੋਵਾਲ ਤੇ ਕਿੰਗਜ਼ ਗਰੁੱਪ ਆਫ ਇੰਸਟੀਚਿਊਟ ਬਰਨਾਲਾ) ਦਾ ਅਤਿ ਧੰਨਵਾਦੀ ਹਾਂ। ਸਮੁੱਚੀ ਕੈਸਿਟ ਆਪਣੇ ਸਿਰਜੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਪੂਰੀ ਤਰ੍ਹਾਂ ਸਫ਼ਲ ਹੈ। ਸਿੱਖ ਕੌਮ ਦੀਆਂ ਮਹਾਨ ਕੁਰਬਾਨੀਆਂ ਤੋਂ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਣ ਹਿੱਤ ਕੈਸਿਟ ਪਰਖ ਦੀ ਕਸਵੱਟੀ ਤੇ ਖਰੀ ਉਤਰਦੀ ਹੈ। ਵਰਤਮਾਨ ਹਾਲਾਤਾਂ 'ਚ ਸਿੱਖੀ ਦੀ ਸਾਖ ਨੂੰ ਲੱਗਦੀ ਢਾਅ ਤੋਂ ਫਿਕਰਮੰਦ ਸਿੱਖ ਧਰਮ ਦੇ ਚਿੰਤਕ ਇਸ ਕੈਸਿਟ ਨੂੰ ਭਰਪੂਰ ਹੁੰਗਾਰਾ ਜ਼ਰੂਰ ਦੇਣਗੇ।

ਰਘਵੀਰ ਸਿੰਘ ਚੰਗਾਲ

ਅਜਬ ਹਾਕੀ ਦੀ ਗਜ਼ਬ ਕਹਾਣੀ

ਕਮਲਜੀਤ ਬਾਬਲਕੇ
97803-76320

ਭਾਰਤ ਦੀ ਰਾਸ਼ਟਰੀ ਖੇਡ ਦੇ ਨਾਮ ਨਾਲ ਜਾਣੀ ਜਾਂਦੀ ਹਾਕੀ ਕਦੇ ਸ਼ਿਖ਼ਰਾਂ 'ਤੇ ਹੁੰਦੀ ਸੀ ਪਰ ਅੱਜ ਜਿੰਨੀ ਇਹ ਪਹਿਲਾਂ ਸ਼ਿਖ਼ਰਾਂ 'ਤੇ ਹੁੰਦੀ ਸੀ ਹੁਣ ਓਨੀ ਹੀ ਥੱਲ੍ਹੇ ਪਤਾਲ ਜਾ ਚੁੱਕੀ ਹੈ। ਥੜ੍ਹੇ ਹੀ ਦਿਨਾਂ ਬਾਅਦ ਹਾਕੀ ਵਰਲਡ ਕੱਪ ਭਾਰਤ 'ਚ ਹੋ ਰਿਹਾ ਹੈ ਤੇ ਹਾਕੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਆਏ ਦਿਨ ਕੋਈ ਨਾ ਕੋਈ ਦੋਸ਼ਾਂ 'ਚ ਗਿਰੀ ਰਹਿ ਰਹੀ ਹੈ। ਕਦੀ ਖਿਡਾਰੀਆਂ 'ਤੇ ਪੈਸੇ ਲੈਣ ਲਈ ਦੋਸ਼ ਲੱਗ ਰਹੇ ਹਨ ਅਤੇ ਕਦੀ ਮੈਚ ਖੇਡਣ ਲਈ ਭਾਰੀ ਰਾਸ਼ੀ ਮੰਗਣ ਦੇ ਦੋਸ਼। ਪਿਛਲੇ ਦਿਨੀਂ ਚੰਡੀਗੜ੍ਹ 'ਚ ਇੱਕ ਚੈਰਿਟੀ ਸ਼ੋਅ ਮੈਚ ਦੌਰਾਨ ਖਿਡਾਰੀਆਂ ਉਪਰ ਕਥਿਤ ਤੌਰ 'ਤੇ ਭਾਰੀ ਰਾਸ਼ੀ ਮੈਚ ਖੇਡਣ ਲਈ ਮੰਗਣ ਦਾ ਹੰਗਮਾ ਖੂਬ ਉਛਲਿਆ ਪਰ ਇਸ ਵਿੱਚ ਸੱਚਾਈ ਹੈ ਜਾਂ ਨਹੀਂ ਇਸ ਬਾਰੇ ਤਾਂ ਮੈਚ ਪ੍ਰਬੰਧਕ ਜਾਂ ਖਿਡਾਰੀ ਹੀ ਜਾਣਦੇ ਹਨ ਖਿਡਾਰੀਆਂ ਦਾ ਕਹਿਣਾ ਸੀ ਕਿ ਅਸੀਂ ਕੋਈ ਪੈਸੇ ਨਹੀਂ ਮੰਗੇ ਪਰ ਮੈਚ ਪ੍ਰਬੰਧਕ ਦਾ ਕਹਿਣਾ ਸੀ ਕਿ ਖਿਡਾਰੀ ਮੈਚ ਖੇਡਣ ਲਈ ਪੈਸੇ ਮੰਗ ਰਹੇ ਹਨ। ਮੈਚ ਪ੍ਰਬੰਧਕਾਂ ਅਤੇ ਖਿਡਾਰੀਆਂ ਦੀ ਤੂੰ-ਤੂੰ, ਮੈਂ-ਮੈਂ ਵਿੱਚ ਮੈਚ ਵੀ ਨਹੀਂ ਹੋ ਸਕਿਆ। ਹਾਕੀ ਵਰਲਡ ਕੱਪ ਦੀਆਂ ਮਸ਼ਹੂਰੀਆਂ ਆਮ ਟੀ. ਵੀ. 'ਤੇ ਆ ਰਹੀਆਂ ਹਨ ਕਿ ਉਸ ਨੂੰ ਦੇਖਣ ਲਈ ਸਟੇਡੀਅਮ 'ਚ ਜਾਓ ਪਰ ਜੋ ਲੋਕ ਸਟੇਡੀਅਮ 'ਚ ਮੈਚ ਦੇਖਣ ਦੇ ਚਾਹਵਾਨ ਹਨ ਉਨ੍ਹਾਂ ਨੂੰ ਹਾਕੀ ਵਰਲਡ ਕੱਪ ਦੀਆਂ ਟਿਕਟਾਂ ਤੱਕ ਨਹੀਂ ਮਿਲ ਰਹੀਆਂ। ਉਹ ਮਾਰੇ ਮਾਰੇ ਫਿਰ ਰਹੇ ਹਨ ਕਦੇ ਧਿਆਨ ਚੰਦ ਸਟੇਡੀਅਮ ਦੇ ਕਦੀ ਇੰਟਰਨੈੱਟ ਉੱਤੇ ਆਪਣਾ ਮੱਥਾ ਪੱਚੀ ਰਹੇ ਹਨ, ਪਰ ਉਨ੍ਹਾਂ ਨੂੰ ਟਿਕਟਾਂ ਦਾ ਕੋਈ ਥੋਹ ਪਤਾ ਨਹੀਂ ਚੱਲ ਰਿਹਾ ਕਿ ਕਿੱਥੋਂ ਮਿਲਣਗੀਆਂ। ਉਹ ਦੱਸਦੇ ਹਨ ਕਿ ਜਦ ਅਸੀਂ ਸਟੇਡੀਅਮ ਜਾਂਦੇ ਹਾਂ ਤਾਂ ਉਥੇ ਸਕਿਉਰਟੀ ਗਾਰਡ ਪੂਰੇ ਸਟੇਡੀਅਮ ਦੇ ਚੱਕਰ ਲਗਾ ਦਿੰਦਾ ਹੈ ਕੋਈ ਕਹਿੰਦਾ ਇੱਕ ਨੰਬਰ ਗੇਟ ਅਤੇ ਜਦ ਇੱਕ ਨੰਬਰ ਗੇਟ 'ਤੇ ਜਾਂਦੇ ਹਨ ਤਾਂ ਦੂਸਰਾ ਕਹਿੰਦਾ ਹੈ ਪੰਜ ਨੰਬਰ ਗੇਟ 'ਤੇ ਇਸ ਤਰ੍ਹਾਂ ਟਿਕਟ ਦਾ ਤਾਂ ਕੁਝ ਨਹੀਂ ਪਤਾ ਚੱਲਦਾ ਪਰ ਕਸਰਤ ਜ਼ਰੂਰ ਹੋ ਜਾਂਦੀ ਹੈ ਪੂਰੇ ਸਟੇਡੀਅਮ ਦਾ ਚੱਕਰ ਲੱਗ ਜਾਂਦਾ ਹੈ। ਮੀਡੀਆ ਨੂੰ ਵੀ ਧਿਆਨ ਚੰਦ ਸਟੇਡੀਅਮ ਤੋਂ ਦੂਰ ਰੱਖਿਆ ਜਾ ਰਿਹਾ ਹੈ ਜਿਵੇਂ ਮੀਡੀਆ ਨੂੰ ਛੂਤ ਦੀ ਬਿਮਾਰੀ ਲੱਗੀ ਹੋਵੇ। ਉਥੇ ਦੇ ਸਕਿਉਰਟੀ ਗਾਰਡ ਮੀਡੀਆ ਜਾਂ ਪੱਤਰਕਾਰ ਦਾ ਨਾਮ ਸੁਣ ਕੇ ਕਹਿੰਦਾ ਭਾਈ ਤੁਹਾਨੂੰ ਅੰਦਰ ਜਾਣ ਦੀ ਆਗਿਆ ਨਹੀ, ਉਪਰ ਤੋਂ ਆਰਡਰ ਹੈ। ਇਸੇ ਤਰ੍ਹਾਂ ਮੀਡੀਆ ਨੂੰ ਵੀ ਮੈਚ ਜਾਂ ਖਿਡਾਰੀਆਂ ਨੂੰ ਮਿਲਣ ਅਤੇ ਦੇਖਣ ਦੀ ਕੋਈ ਆਗਿਆ ਨਹੀਂ ਦਿੱਤੀ ਜਾ ਰਹੀ। ਮੀਡੀਆ ਨੂੰ ਹਾਕੀ ਮੈਚਾਂ ਤੋਂ ਦੂਰ ਰੱਖਿਆ ਜਾ ਰਿਹਾ ਹੈ। ਹੁਣੇ ਭਾਰਤੀ ਹਾਕੀ ਟੀਮ ਦਾ ਇੱਕ ਪ੍ਰੈਕਟਿਸ ਮੈਚ ਜਰਮਨ ਦੀ ਟੀਮ ਨਾਲ ਹੋਇਆ ਇਸ ਦੀ ਵੀ ਮੀਡੀਆ ਨੂੰ ਕੋਈ ਕਵਰੇਜ ਕਰਨ ਦੀ ਆਗਿਆ ਨਹੀਂ ਦਿੱਤੀ। ਉਹ ਕਹਿੰਦੇ ਹਨ ਸੁਰੱਖਿਆ ਕਾਰਨਾਂ ਕਰਕੇ ਮੀਡੀਆ ਨੂੰ ਅੰਦਰ ਜਾਣ ਦੀ ਮਨਾਹੀ ਹੈ। ਜਦਕਿ ਦੇਖਿਆ ਜਾਵੇ ਤਾਂ ਜਦ ਕ੍ਰਿਕਟ ਮੈਚ ਹੁੰਦੇ ਹਨ ਤਾਂ ਉਥੇ ਮੀਡੀਆ ਜਾਂ ਪੱਤਰਕਾਰ ਉਨ੍ਹਾਂ ਦੇ ਅਭਿਆਸ ਦੌਰਾਨ ਉਨ੍ਹਾਂ ਨਾਲ ਆਮ ਗੱਲਬਾਤ ਕਰਦੇ ਦੇਖੇ ਜਾ ਸਕਦਾ ਹਨ। ਹੁਣ ਗੱਲ ਕਰਦੇ ਹਾਂ ਹਾਕੀ ਦੇ ਪਤਨ ਦੀ ਉਹ ਜ਼ਿਆਦਾ ਲੰਮਾ ਨਹੀਂ ਜੇ ਦੇਖਿਆ ਜਾਵੇ ਤਾਂ ਹਾਕੀ ਦੇ ਪਤਨ ਦਾ ਸਫ਼ਰ ਜ਼ਿਆਦਾ ਲੰਬਾ ਨਹੀਂ ਹੈ। ਪਿਛਲੇ ਚਾਰ ਪੰਜ ਵਰਲਡ ਕੱਪ 'ਚ ਉਸ ਦੀ ਸਾਰੀ ਕਹਾਣੀ ਸਮਝ ਆ ਜਾਂਦੀ ਹੈ। ਸੈਡ੍ਰਿਕ ਦੇ ਮਾਰਗਦਰਸ਼ਨ 'ਚ ਭਾਰਤ ਨੇ ਸਿਡਨੀ 'ਚ ਹੋਏ ਵਰਲਡ ਕੱਪ 'ਚ ਵਧੀਆ ਖੇਡ ਦਿਖਾਇਆ 1982 ਦੇ ਬਾਅਦ ਪਹਿਲੀ ਵਾਰ ਵਰਲਡ ਕੱਪ 'ਚ ਪੰਜਵਾਂ ਸਥਾਨ ਹਾਸਲ ਕੀਤਾ। 12 ਸਾਲ ਬਾਅਦ ਟਾਪ ਛੇ 'ਚ ਆਪਣੀ ਜਗ੍ਹਾ ਬਣਾਉਣ 'ਚ ਕਾਮਯਾਬ ਰਿਹਾ। 1988 ਨੌਵਾ ਸਥਾਨ : ਧਨਰਾਜ ਪਿੱਲੇ ਵਰਗੇ ਏਸ਼ੀਆ ਅਤੇ ਯੂਰਪ, ਦੋਵੇਂ ਹੀ ਸਟਾਈਲ ਦੀ ਹਾਕੀ ਨਾਲ ਤਾਲਮੇਲ ਬੈਠਾਉਣ 'ਚ ਮਾਹਿਰ ਲਿੰਕਮੈਨ ਦੀ ਮੌਜੂਦਗੀ ਦੇ ਬਾਵਜੂਦ ਭਾਰਤ ਚਾਰ ਸਟੈੱਪ ਥੱਲ੍ਹੇ ਚਲਾ ਗਿਆ। ਨੌਵੇਂ ਵਰਲਡ ਕੱਪ 'ਚ ਨੌਵੇਂ ਸਥਾਨ 'ਤੇ ਰਿਹਾ। ਧਨਰਾਜ, ਸਮੀਰ ਦਾਦ ਅਤੇ ਰਾਜੀਵ ਮਿਸ਼ਰਾ ਵਰਗੇ ਵਧੀਆ ਖਿਡਾਰੀਆਂ ਨੂੰ ਚੁਨਣਾ ਵੀ ਭਾਰਤ ਦੀ ਹਾਰ ਦਾ ਕਾਰਨ ਬਣਿਆ। ਧਨਰਾਜ ਆਪ ਤਾਂ ਪੂਰੀ ਤਰ੍ਹਾਂ ਫਿੱਟ ਨਹੀਂ ਸਨ ਇਸ ਲਈ ਉਹ ਖ਼ੁਦ ਹੀ ਵਧੀਆ ਪ੍ਰਦਰਸ਼ਨ ਕਰ ਸਕੇ ਅਤੇ ਨਾ ਹੀ ਪੂਰੀ ਟੀਮ ਚੰਗਾ ਪ੍ਰਦਰਸ਼ਨ ਕਰ ਸਕੀ। ਇਸ 'ਚ ਭਾਰਤ ਕੇਵਲ ਤਿੰਨ ਮੈਚ ਹੀ ਜਿੱਤਿਆ। 2002 'ਚ ਦਸਵਾਂ ਸਥਾਨ: ਭਾਰਤ ਦੀ ਟੀਮ ਬਲਜੀਤ ਸਿੰਘ ਢਿੱਲੋਂ ਅਤੇ ਧਨਰਾਜ ਪਿੱਲੇ ਵਰਗੇ ਅਨੁਭਵੀ ਖਿਡਾਰੀ ਸਨ। ਨਾਲ ਹੀ ਟੀਮ 'ਚ ਦਲਜੀਤ ਢਿੱਲੋਂ, ਦੀਪਕ ਠਾਕੁਰ ਅਤੇ ਪ੍ਰਭਜੋਤ ਸਿੰਘ ਵਰਗੇ ਤੇਜ ਤਰਾਰ ਸਟਰਾਈਕਰ ਮੌਜੂਦ ਸਨ। ਬਸ ਉਹ ਜੋਸ਼ ਗਾਇਬ ਸੀ ਜੋ ਜਿੱਤ ਦਵਾ ਸਕਦਾ ਸੀ। ਇਸ ਵਰਲਡ ਕੱਪ 'ਚ ਭਾਰਤ ਨੇ ਸਭ ਤੋਂ ਵਧੀਆ ਖੇਡ ਅਸਟ੍ਰੇਲੀਆ ਦੇ ਖਿਲਾਫ਼ ਦਿਖਾਇਆ ਪਰ 3-4 ਤੋਂ ਹਾਰ ਗਿਆ। ਭਾਰਤ ਇੱਕ ਕਦਮ ਹੋਰ ਥੱਲ੍ਹੇ ਆ ਗਿਆ। ਦਸਵੇਂ ਵਰਲਡ ਕੱਪ 'ਚ ਭਾਰਤ 16 ਟੀਮਾਂ ਵਿੱਚ ਦਸਵੇਂ ਸਥਾਨ 'ਤੇ ਰਿਹਾ।



2006 'ਚ 11ਵਾਂ ਸਥਾਨ : ਹਾਲੈਂਡ ਦੇ ਖਿਲਾਫ਼ ਮੈਚ ਦੇ ਸ਼ੁਰੂ ਹੁੰਦੇ ਹੁੰਦੇ ਭਾਰਤੀ ਖਿਡਾਰੀਆਂ ਦਾ ਜੋਸ਼ ਹੀ ਗਾਇਬ ਹੋ ਗਿਆ ਇਸ 'ਚ 1-6 ਨਾਲ ਹਾਰ ਗਿਆ। ਭਾਰਤ ਨੇ ਲੀਗ 'ਚ ਸਾਊਥ ਅਫਰੀਕਾ ਨਾਲ ਆਪਣਾ ਮੈਚ ਡਰਾਅ ਕਰਾਇਆ। ਭਾਰਤ ਇਸ ਵਰਲਡ ਕੱਪ 'ਚ 12 ਟੀਮਾਂ 'ਚ ਅੰਤਿਮ 11ਵੇਂ ਸਥਾਨ 'ਤੇ ਰਿਹਾ।

ਇਸ ਤੋਂ ਪਤਾ ਚੱਲਦਾ ਹੈ ਕਿ ਭਾਰਤੀ ਹਾਕੀ ਟੀਮ ਦੇ ਪੱਲੇ ਕੁਝ ਨਹੀਂ ਸਿਰਫ਼ ਗੱਲਾਂ ਦੇ। ਪਰ ਹੁਣ ਭਾਰਤੀ ਹਾਕੀ ਟੀਮ ਤੋਂ ਇੱਕ ਮੌਕਾ ਆਇਆ ਹੈ ਜਦ ਉਹ ਆਪਣੀ ਪੁਰਾਣੀ ਹੋਂਦ ਨੂੰ ਮਿਟਾ ਸਕਦੀ ਹੈ, ਕਿਉਂਕਿ ਹੁਣ ਹਾਕੀ ਵਰਲਡ ਕੱਪ ਕੁਝ ਹੀ ਦਿਨਾਂ ਬਾਅਦ ਭਾਰਤ ਦੀ ਮਤਲਬ ਉਨ੍ਹਾਂ ਦੀ ਆਪਣੀ ਧਰਤੀ 'ਤੇ ਹੋ ਰਿਹਾ ਹੈ। ਜੋਸ਼ ਤਾਂ ਅੱਜ ਵੀ ਭਾਰਤੀ ਖਿਡਾਰੀਆਂ 'ਚ ਬਹੁਤ ਹੈ, ਪਰ ਦੇਖਣਾ ਹੈ ਕਿ ਇਹ ਜੋਸ਼ ਉਨ੍ਹਾਂ ਨੂੰ ਸ਼ਿਖ਼ਰਾਂ 'ਤੇ ਲੈ ਕੇ ਜਾਂਦਾ ਹੈ ਜਾਂ ਫਿਰ....।

ਜੋਗਿੰਦਰ ਸਿੰਘ ਸਿਵੀਆਂ ਨਾਲ ਮੇਰਾ ਮਿਲਾਪ ਸਿਰਫ਼ ਫੋਨ

ਅਸੀਂ ਕਲਮ ਦੀ ਫੜ੍ਹੀ ਕਲਾਈ ਸੱਜਣਾ

ਜੋਗਿੰਦਰ ਸਿੰਘ ਸਿਵੀਆਂ ਐਮ.ਏ., ਐਮ.ਐੱਡ

'ਤੇ ਹੋਇਆ। ਸਿਵੀਆਂ ਵੱਲੋਂ ਭੇਜੀ ਸਤਿਕਾਰ ਸਹਿਤ ਆਪਣੀ ਹੱਥ ਲਿਖਤ ਕਿਤਾਬ ਅਤੇ ਜਾਣ ਪਹਿਚਾਣ ਆਪਣੀ ਮੈਨੂੰ ਜੋ ਚਿੱਠੀ ਰਾਹੀਂ ਭੇਜੀ ਹੈ ਉਸ ਤੋਂ ਲੱਗਦਾ ਹੈ ਕਿ ਸਿਵੀਆਂ ਬਣਾਉਟੀ ਸ਼ੁਹੱਪਣ ਤੋਂ ਕੋਹਾਂ ਦੂਰ, ਪੈਰੀਂ ਖੱਲ੍ਹ ਦੀ ਸਾਦੀ ਜੁੱਤੀ ਬਜ਼ੁਰਗਾਂ ਵਾਂਗ ਉਮਰ ਦੇ ਚੱਲ ਰਹੇ ਪਰਛਾਵੇਂ ਦੀ ਸੂਚਕ ਖੁੱਲ੍ਹੀ ਛੱਡੀ ਦਾਹੜੀ ਕੁਝ ਸਮਾਂ ਤਾਂ ਮੈਂ ਇਸ ਵਿਅਕਤੀ ਬਾਰੇ ਇਹ ਅੰਦਾਜ਼ਾ ਵੀ ਨਹੀਂ ਲਗਾ ਸਕਿਆ ਕਿ ਬਾਹਰੀ ਤੌਰ 'ਤੇ ਸਾਦਾ ਜਿਹਾ ਦਿਸਦਾ। ਇਹ ਮਨੁੱਖ ਉਸਾਰੂ ਸਹਿਤ ਅਤੇ ਇਤਿਹਾਸ ਦੀਆਂ ਹੱਥ ਲਿਖਤਾਂ ਪੰਜਾਬ ਦੇ ਰੋਜ਼ਾਨਾ ਅਖ਼ਬਾਰਾਂ ਵਿਚ ਕਿਵੇਂ ਲੋਕਾਂ ਦੀ ਝੋਲੀ ਪਾ ਕੇ ਪ੍ਰਸਿੱਧੀ ਖੱਟ ਰਿਹਾ ਹੈ ਪਰ ਪਰਿਵਾਰਕ ਗੱਲਬਾਤ ਕਰਨ ਵੇਲੇ ਹੀ ਉਸ ਦੇ ਵਿਚਾਰਾਂ ਵਿਚਲਾ ਡੂੰਘਾ ਚਿੰਤਨ, ਸੁਹਜ ਅਤੇ ਸਹਿਜਤਾ ਬੱਦਲਾਂ ਦੀ ਕਾਲੀ ਘਟਾ ਮੂਹਰੇ ਉੱਡਦੀ ਬੰਗਲਿਆਂ ਦੀ ਡਾਰ ਵਾਂਗ ਉਸ ਵਿਚਲੇ ਗੁਣਾਂ ਬਾਰੇ ਗੁੱਝੀ ਸੂਚਨਾ ਜ਼ਰੂਰ ਦੇ ਰਹੀ ਸੀ। ਅਜੋਕੇ ਸਮੇਂ ਵਿੱਚ ਅੱਜ ਜਦੋਂ ਨਿੱਕੀਆਂ ਮੋਟੀਆਂ ਸਰਕਾਰੀ ਨੌਕਰੀਆਂ ਕਰਨ ਵਾਲੇ ਲੇਖਕ ਵੀ ਸਫ਼ਿਆਂ ਦੇ ਹਿਸਾਬ ਨਾਲ ਕਿਤਾਬ ਦੇ ਖਰਚੇ ਜੋਗੇ ਪੈਸੇ ਇਕੱਠੇ ਕਰਕੇ ਮਸਾਂ ਕਿਤਾਬਾਂ ਛਪਾਉਂਦੇ ਹਨ ਜਾਂ ਕਈ ਵਾਰ ਹੋਰ ਤਰ੍ਹਾਂ ਦੇ ਪਾਪੜ ਵੇਲਦੇ ਹਨ ਫੇਰ ਵੀ ਕੁਝ ਤਾਂ ਵਿਚਾਰੇ ਮੇਰੇ ਵਾਂਗ ਆਪਣੀ ਪਹਿਲੀ ਕਿਤਾਬ ਦਾ ਮੂੰਹ ਦੇਖਣ ਨੂੰ ਤਰਸਦੇ ਹੀ ਜਹਾਨ ਤੋਂ ਕੂਚ ਕਰ ਜਾਂਦੇ ਹਨ। ਇਹ ਮੇਰੀ ਜ਼ਿੰਦਗੀ ਦਾ ਤਜ਼ਰਬਾ ਹੈ ਕਿਉਂਕਿ ਮੈਂ ਵੀ ਸਾਲ ਵਿੱਚ ਦੋ ਕਿਤਾਬਾਂ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਬਰਸੀ 'ਤੇ ਲੋਕਾਂ ਅਤੇ ਇਲਾਕੇ ਦੇ ਸਰਪੰਚਾਂ ਤੋਂ ਬੂੰਦ-ਬੂੰਦ ਇਕੱਠੀ ਕਰਕੇ ਛਪਵਾਉਂਦਾ ਆ ਰਿਹਾ ਹਾਂ। ਸ: ਜੋਗਿੰਦਰ ਸਿੰਘ ਸਿਵੀਆਂ ਇੱਕ ਖੇਤ ਮਜ਼ਦੂਰ ਹੁੰਦਿਆਂ ਹੋਇਆਂ ਵੀ ਲੋਕ ਮਨਾਂ ਵਿੱਚ ਆਪਣੀ ਸ਼ਖ਼ਸੀਅਤ ਅਤੇ ਇਮਾਨ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਜ਼ਰੂਰ ਲਗਾਈ ਬੈਠਾ ਹੈ ਕਿ ਉਸਦੀਆਂ ਕਿਤਾਬਾਂ ਦੇ ਖਰੜੇ ਨੂੰ ਪੈਸੇ ਖੁਣੋਂ ਅਲਮਾਰੀਆਂ ਦੀ ਗਰਦ ਨਹੀਂ ਫੱਕਣੀ ਪੈਂਦੀ। ਇਹ ਫੱਕਰ ਲੇਖਕ ਜਦੋਂ ਆਪਣੀ ਝੋਲੀ ਅੱਡ ਕੇ ਆਪਣੇ ਲੋਕਾਂ ਦੀਆਂ ਸਰਦਲਾਂ 'ਤੇ ਜਾਂਦਾ ਹੈ ਤਾਂ ਲੋਕ ਸਹਾਇਤਾ ਹੀ ਨਹੀਂ ਕਰਦੇ, ਸਗੋਂ ਆਪਣੇ ਨਾਮ ਵੀ ਗੁਪਤ ਰੱਖਣ ਦੀ ਬੇਨਤੀ ਕਰਦੇ ਹਨ। ਸਾਦਗੀ ਵਿਚ ਛੁਪੀ ਉਸਦੇ ਜੀਵਨ-ਅਮਲ ਦੀ ਉੱਚਤਾ ਨੇ ਮੈਨੂੰ ਉਸ ਬਾਰੇ ਲਿਖਣ ਲਈ ਪ੍ਰੇਰਿਆ। ਜ਼ਿੰਦਗੀ ਭਰ ਦਰਿਆ ਵਾਂਗ ਸੈਂਕੜੇ ਰੁਕਾਵਟਾਂ ਨੂੰ ਰੋੜ੍ਹ ਕੇ ਚੰਗੇ ਸਮਾਜ ਦੀ ਸਿਰਜਣਾ ਹਿੱਤ ਲੋਕ ਪੱਖੀ ਸਾਹਿਤ ਨੂੰ ਰਚਣ ਵਾਲੇ ਇਸ ਫੱਕਰ ਸਾਹਿਤਕਾਰ ਜੋਗਿੰਦਰ ਸਿੰਘ ਸਿਵੀਆਂ ਦਾ ਜਨਮ ਪਿੰਡ ਸਿਵੀਆਂ, ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਸ: ਸਿਵੀਆਂ ਨੇ ਆਪਣੀ ਲਿਖਤ ਰਾਹੀਂ ਭੇਜੀ ਚਿੱਠੀ ਵਿੱਚ ਜ਼ਿਕਰ ਕੀਤਾ ਹੈ ਕਿ ਮੈਂ ਸੇਵਾ ਮੁਕਤ ਬਤੌਰ ਅਧਿਆਪਕ ਦੇ ਤੌਰ ਤੇ ਸਟੇਜ ਸਕੱਤਰ ਦੀ ਵਧੀਆ ਭੂਮਿਕਾ ਨਿਭਾਉਣ ਵਾਲੇ ਸ: ਸਿਵੀਆਂ ਆਖਦੇ ਹਨ ਕਿ ਅੱਜ-ਕੱਲ੍ਹ ਤਾਂ ਜਿਸ ਨੂੰ ਨੱਕ ਸਾਫ਼ ਨਹੀਂ ਕਰਨਾ ਆਉਂਦਾ ਉਹ ਪ੍ਰਿੰਸੀਪਲ ਬਣ ਜਾਂਦਾ ਹੈ। ਇਸ ਕਰਕੇ ਮੈਂ ਪਹਿਲਾਂ ਆਰਟੀਕਲ ਹੀ ਪ੍ਰਿੰਸੀਪਲ ਲਿਖਿਆ ਸੀ ਜੋ ਇੱਕ ਪੰਜਾਬੀ ਅਖ਼ਬਾਰ ਵਿਚ ਛਪਿਆ ਜੋ ਲੋਕਾਂ ਵੱਲੋਂ ਸਲਾਹਿਆ ਗਿਆ। ਅਨੇਕਾਂ ਕਹਾਣੀਆਂ ਦੇ ਰਚਨਹਾਰ, ਵੱਖ-ਵੱਖ ਅਖ਼ਬਾਰਾਂ ਵਿੱਚ ਲੇਖਣੀ ਦੇ ਤੌਰ 'ਤੇ ਹਰ ਹਫ਼ਤੇ ਛਪਣ ਵਾਲੇ ਸ: ਸਿਵੀਆਂ ਦੀ ਕਿਤਾਬ 2004 ਵਿੱਚ ਕੋਹਾਂ ਦੂਰ ਮਿੰਨੀ ਕਹਾਣੀਆਂ ਦੀ ਕਿਤਾਬ ਮਾਰਕੀਟ ਵਿਚ ਆਉਂਦਿਆਂ ਹੀ ਸਾਹਿਤ ਸਭਾਵਾਂ ਦੀ ਸ਼ਿੰਗਾਰ ਬਣੀ। ਇਨ੍ਹਾਂ ਦੇ ਹੱਥ ਲਿਖਤ ਸੈਂਕੜੇ ਆਰਟੀਕਲ ਕਈ ਪੰਜਾਬੀ ਅਖ਼ਬਾਰਾਂ ਵਿੱਚ ਛਪ ਚੁੱਕੇ ਹਨ ਅਤੇ ਛਪਣ ਲਈ ਭੇਜੇ ਹੋਏ ਹਨ। ਇਨ੍ਹਾਂ ਦੀਆਂ ਜ਼ਿਆਦਾ ਲਿਖਤਾਂ ਜ਼ਿੰਦਗੀ ਨਾਲ ਜ਼ਿਆਦਾ ਸਬੰਧਿਤ ਹੋਣ ਕਰਕੇ ਲੋਕਾਂ ਦੇ ਮਨਾਂ ਵਿੱਚ ਘਰ ਬਣਾਉਂਦੀਆਂ ਨਜ਼ਰ ਆਉਂਦੀਆਂ ਹਨ। ਆਖਿਰ ਸ: ਸਿਵੀਆਂ ਪਾਠਕਾਂ ਨੂੰ ਸੰਦੇਸ਼ ਦਿੰਦੇ ਆਖਦੇ ਹਨ ਕਿ ਮੈਂ ਗਰੀਬੀ ਬੜੀ ਹੰਢਾਈ ਹੈ। ਜੱਟਾਂ ਦਾ ਮੁੰਡਾ ਹੋਣ ਕਰਕੇ ਦਿਹਾੜੀ ਵੀ ਲੋਕਾਂ ਤੋਂ ਚੋਰੀ ਕੀਤੀ ਪਰ ਦਿਲ ਨਹੀਂ ਛੱਡਿਆ। ਨਸ਼ੇ ਦੀ ਆਦਤ ਨਹੀਂ ਪਾਈ ਕਿ ਮੈਂ ਤੰਗੀ ਕੱਟ ਰਿਹਾ ਹਾਂ ਪਰ ਮੈਂ ਉਸ ਲੇਖਕ ਦੀਆਂ ਲਾਈਨਾਂ ਮੁਸਲਸਲ ਕਾਵਿਸੋਂ ਸੇ ਤਕਦੀਰੇਂ ਸੰਵਰਤੀ ਹੈ ਜੋ ਥੱਕ ਕਰ ਬੈਠ ਜਾਤੇਂ ਹੈ ਵੋਹ ਮੰਜ਼ਿਲ ਪਾਰ ਨਹੀਂ ਕਰ ਸਕਤੇ ਪਰ ਮੇਰੇ ਪਾਠਕ ਵੀਰਾਂ ਨੂੰ ਅਪੀਲ ਕਰਦਾ ਹਾਂ ਕਿ ਭਰੂਣ ਹੱਤਿਆ, ਦਾਜ ਪ੍ਰਥਾ ਅਤੇ ਨਸ਼ਿਆਂ ਖਿਲਾਫ਼ ਸੰਘਰਸ਼ ਵਿੱਚ ਕੇ ਇੱਕ ਹੋ ਜਾਓ। ਆਖ਼ਿਰ ਸਿਵੀਆਂ ਜੀ ਆਖਦੇ ਹਨ ਬੱਸ ਸਿਰਫ਼ ਕੰਮ ਬਹਾਨਾ ਹੈ ਮਿਲਣਾ ਤਾਂ ਰੱਬ ਨੂੰ ਵਸ ਇਸ਼ਕ ਬਹਾਨਾ ਹੈ ਤੂੰ ਪਲ ਭਰ ਮੈਨੂੰ ਆਪਣੇ ਵਿੱਚ ਸਮੋਅ ਕੇ ਵੇਖ ਤੂੰ ਆਪਣੇ ਆਪ ਦਾ ਤਾਂ ਹੈ ਕਦੇ ਮੇਰਾ ਵੀ ਹੋ ਕੇ ਵੇਖ।

ਦਵਿੰਦਰ ਸਿੰਘ ਧੌਲਮਾਜਰਾ

ਪੁੱਤ ਬਣ ਕੇ ਕਮਾਊਂ ਘਰ ਤੇਰੇ ਬਾਬਲਾ

ਧੁੰਮਾਂ ਪਾਉਣ ਵਾਲੀ ਮੁੰਡਿਆਂ ਵਰਗੀ ਕੁੜੀ-ਗੁਰਪ੍ਰੀਤ ਦੋਦਾ

ਬੇਸ਼ੱਕ ਅੱਜ ਅਸੀਂ ਆਧੁਨਿਕ ਜ਼ਮਾਨੇ ਵਿੱਚ ਵਿਚਰ ਰਹੇ ਹਾਂ ਪਰ ਫਿਰ ਵੀ ਆਧੁਨਿਕ ਹੁੰਦਿਆਂ ਹੋਇਆਂ ਵੀ ਸਾਡੀ ਸੋਚ ਬੇਹੱਦ ਸੌੜੀ ਹੈ। ਲੜਕੀਆਂ ਪ੍ਰਤੀ ਸਾਡੀ ਮਾਨਸਿਕਤਾ ਅਜੇ ਬਦਲੀ ਨਹੀਂ ਹੈ। ਮਰਦ ਪ੍ਰਧਾਨ ਸਮਾਜ ਵਿੱਚ ਲੜਕੀ ਨੂੰ ਅਬਲਾ ਅਤੇ ਘਰ ਦੇ ਚੁੱਲ੍ਹੇ ਚੌਂਕੇ ਤੱਕ ਹੀ ਸੀਮਿਤ ਰੱਖਿਆ ਜਾ ਰਿਹਾ ਹੈ। ਸਖ਼ਤ ਕੰਮ ਸਿਰਫ਼ ਮਰਦਾਂ ਦੇ ਹਿੱਸੇ ਹਾਇਆ ਹੈ। ਲੜਕੀਆਂ ਦੇ ਖਾਣ-ਪੀਣ, ਪਹਿਨਣ-ਹੰਢਾਉਣ 'ਤੇ ਵੀ ਪਾਬੰਦੀਆਂ ਲੱਗੀਆਂ ਹੋਈਆਂ ਹਨ, ਪਰ ਮੁਕਤਸਰ ਜ਼ਿਲ੍ਹੇ ਦੇ ਪਿੰਡ ਦੋਦਾਂ ਦੇ ਸੁਰਗਾਪੁਰੀ ਕੋਠਿਆਂ ਦੀ ਧਾਲੀਵਾਲ ਢਾਣੀ ਵਿੱਚ ਮਰਦਾਂ ਨੂੰ ਹਰ ਕੰਮ ਵਿੱਚ ਚੁਣੌਤੀ ਦੇ ਰਹੀ ਹੈ ਗੁਰਪ੍ਰੀਤ ਕੌਰ। ਪਹਿਲੀ ਨਜ਼ਰੇ ਦੇਖਣ, ਗੱਲਬਾਤ ਕਰਨ ਅਤੇ ਖੇਤੀ ਦੇ ਕੰਮ ਵਿੱਚ ਉਸ ਦੀ ਫੁਰਤੀ ਦੇਖਕੇ ਅਤੇ ਮੁੰਡਿਆਂ ਵਾਂਗ ਸਿਰ ਉੱਪਰ ਪੱਗੜੀ, ਕੁੜਤਾ ਪਜ਼ਾਮਾ ਪਾਈ ਜਦ ਉਹ ਸਾਹਮਣੇ ਬੈਠੇ ਕਿਸੇ ਸ਼ਖ਼ਸ਼ ਨਾਲ ਗੱਲਬਾਤ ਕਰਦੀ ਹੈ ਤਾਂ ਪਤਾ ਹੀ ਨਹੀਂ ਚੱਲਦਾ ਕਿ ਇਹ ਲੜਕੀ ਹੈ ਜਾਂ ਲੜਕਾ। ਹੋਰਨਾਂ ਲੜਕੀਆਂ ਲਈ ਪ੍ਰੇਰਨਾ ਸਰੋਤ ਬਣੀ 24 ਸਾਲਾ ਗੁਰਪ੍ਰੀਤ ਕਿਸੇ ਗੱਭਰੂ ਦਾ ਭੁਲੇਖਾ ਪਾਉਂਦੀ ਹੈ। 23 ਅਗਸਤ 1985 ਨੂੰ ਮਾਤਾ ਸ੍ਰੀਮਤੀ ਮਨਜੀਤ ਕੌਰ ਦੀ ਕੁੱਖੋਂ ਪਿਤਾ ਸ: ਬਲਜੀਤ ਸਿੰਘ ਦੇ ਘਰ ਜਨਮੀ ਗੁਰਪ੍ਰੀਤ ਦੇ ਇੱਕ ਉਸ ਤੋਂ ਛੋਟਾ ਭਰਾ ਅਤੇ ਇੱਕ ਭੈਣ ਹੈ। ਪਰਿਵਾਰਿਕ ਉਲਝਣਾਂ ਅਤੇ ਸਮੱਸਿਆ ਕਾਰਨ ਆਪਣੇ ਮਾਪਿਆਂ ਦਾ ਪੁੱਤ ਬਣ ਜ਼ਮਾਨੇ ਨਾਲ ਚੱਲਣ ਵਾਲੀ ਗੁਰਪ੍ਰੀਤ ਅੱਜ ਦੇ ਮੁੰਡਿਆਂ ਨੂੰ ਮਾਤ ਪਾਉਂਦੀ ਹੈ। ਚੁੱਲ੍ਹੇ-ਚੌਂਕੇ ਤੋਂ ਖੇਤੀਬਾੜੀ ਦੇ ਹਰ ਕੰਮ ਵਿੱਚ ਮਾਹਿਰ ਗੁਰਪ੍ਰੀਤ ਟਰੈਕਟਰ, ਮੋਟਰ ਸਾਈਕਲ, ਕਾਰ, ਜੀਪ ਗੱਲ ਕੀ ਜੇਕਰ ਜਹਾਜ਼ ਬਾਰੇ ਉਹ ਥੋੜ੍ਹੀ ਬਹੁਤ ਜਾਣਕਾਰੀ ਮਿਲ ਜਾਵੇ ਤਾਂ ਉਹ ਵੀ ਚਲਾ ਸਕਦੀ ਹੈ। ਟਰੈਕਟਰ, ਇੰਜਣ, ਮੋਟਰ ਸਾਈਕਲ ਜਿਹੀ ਮਸ਼ੀਨਰੀ ਦੀ ਉਹ ਰਿਪੇਅਰ ਮਕੈਨਿਕ ਬਣ ਆਪ ਕਰ ਸਕਦੀ ਹੈ। ਬੀ.ਏ. ਭਾਗ ਦੂਜਾ ਦੀ ਇਹ ਵਿਦਿਆਰਥਣ ਬਚਪਨ ਤੋਂ ਹੀ ਚੁੱਲ੍ਹੇ ਚੌਂਕੇ ਸਿਲਾਈ-ਕਢਾਈ ਦੇ ਨਾਲ-ਨਾਲ ਖੇਤੀਬਾੜੀ ਦੇ ਹਰ ਕੰਮ ਵਿੱਚ ਰੁਚੀ ਰੱਖਦੀ ਹੈ। ਆਪਣੇ ਦਾਦਾ ਜੀ ਤੋਂ ਟਰੈਕਟਰ ਪੰਦਰਾਂ ਸਾਲ ਪਹਿਲਾਂ ਸਿੱਖਣ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਸਦੀ ਇਹ ਰੁਚੀ ਉਸਦੇ ਲਈ ਵਰਦਾਨ ਸਾਬਿਤ ਹੋਈ ਜਦੋਂ ਇੱਕ ਸਮੇਂ ਉਸਦੇ ਪਿਤਾ ਬਿਮਾਰੀ ਕਾਰਨ ਮੰਜੇ 'ਤੇ ਪੈ ਗਏ, ਭੈਣ-ਭਰਾ ਬਹੁਤ ਛੋਟੇ ਅਤੇ ਪੜ੍ਹਾਈ ਕਰਦੇ ਹੋਣ ਕਾਰਨ ਗੁਰਪ੍ਰੀਤ ਨੇ ਪੜ੍ਹਾਈ ਦੇ ਨਾਲ-ਨਾਲ ਆਰਥਿਕ ਮੰਦਹਾਲੀ 'ਚੋਂ ਗੁਜਰ ਰਹੇ ਪਰਿਵਾਰ ਲਈ ਮੋਢੇ 'ਤੇ ਕਹੀ ਰੱਖ ਉਸ ਸਮੇਂ ਘਰ ਖੜ੍ਹੇ ਪੁਰਾਣੇ ਮਾਡਲ ਦੇ ਆਈਸਰ ਟਰੈਕਟਰ ਦਾ ਮੂੰਹ ਆਪਣੇ ਦਾਦਾ ਜੀ ਅਤੇ ਦਾਦੀ ਜੀ ਦੀ ਪ੍ਰੇਰਨਾ ਸਦਕਾ ਖੇਤਾਂ ਵੱਲ

ਮੋੜ ਲਿਆ। ਬੰਜਰ ਪਏ ਖੇਤਾਂ ਵਿੱਚ ਨਵੀਂ ਰੂਹ ਫੂਕਣ ਲਈ ਗੁਰਪ੍ਰੀਤ ਨੇ ਦਿਨ ਰਾਤ ਇੱਕ ਕਰ ਦਿੱਤਾ। ਉਸ ਨੇ ਟਰੈਕਟਰ ਨਾਲ ਜ਼ਮੀਨ ਦੀ ਵਾਹ-ਵਹਾਈ, ਬੀਜ-ਬਿਜਾਈ, ਫ਼ਸਲ ਦੀ ਕਟਾਈ, ਕਰਾਹਾ ਲਗਾਉਣਾ, ਵੱਟਾਂ ਪਾਉਣੀਆਂ, ਝੋਨੇ ਵਾਸਤੇ ਖੇਤ ਕੱਦੂ ਕਰਨਾ, ਖੇਤਾਂ ਨੂੰ ਦਿਨ ਰਾਤ ਆਪ ਪਾਣੀ ਲਾਉਣਾ ਆਦਿ ਖੇਤੀ ਦਾ ਹਰ ਕੰਮ ਉਹਦੇ ਹੱਡੀ ਰਚ ਗਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਬੰਜਰ ਪਏ ਖੇਤ ਹਰਿਆਲੀ ਨਾਲ ਟਹਿਕਣ ਲੱਗੇ। ਫ਼ਸਲਾਂ ਇੰਨੀਆਂ ਹੋਈਆਂ ਕਿ ਘਰ ਦੀ ਕਬੀਲਦਾਰੀ ਦੇ ਧੋਣੇ ਵੀ ਧੋਤੇ ਗਏ ਅਤੇ ਉਸਦਾ ਬਿਮਾਰ ਬਾਪ ਵੀ ਮੰਜੇ ਤੋਂ ਉਠਿਆ ਅਤੇ ਆਪਣੀ ਪੁੱਤਾਂ ਵਰਗੀ ਧੀ ਨਾਲ ਖੇਤੀ ਦੇ ਕੰਮ ਵਿਚ ਹੱਥ ਵਟਾਉਣ ਲੱਗਿਆ। ਖੇਤੀ ਨਾਲ ਸੰਬੰਧਿਤ ਆਪਣੀ ਜਿਣਸ ਮੁਕਤਸਰ ਦੀ ਮੰਡੀ ਗੁਰਪ੍ਰੀਤ ਆਪ ਲੈ ਕੇ ਜਾਂਦੀ ਹੈ ਅਤੇ ਆੜ੍ਹਤੀਏ ਨਾਲ ਆਪ ਹਿਸਾਬ ਕਰਦੀ ਹੈ। ਖੇਤੀ ਲਈ ਮਿਆਰੀ ਬੀਜ ਸੋਚ ਸਮਝ ਖਰੀਦਣ ਤੋਂ ਬਾਅਦ ਚੰਗੇ ਝਾੜ ਲਈ ਨਵੇਂ ਤਜਰਬੇ ਵੀ ਕਰਦੀ ਹੈ। ਇਸ ਦੇ ਨਾਲ ਘਰ ਦੀ ਡੇਅਰੀ 'ਚ 2 ਗਊਆਂ ਅਤੇ 4 ਸੱਜਰ ਸੂਈਆਂ ਮੱਝਾਂ ਦਾ ਦੁੱਧ ਆਪਣੇ ਪਿੰਡ ਦੀ ਵੇਰਕਾ ਡੇਅਰੀ ਵਿੱਚ ਪਾ ਕੇ ਚਿੱਟੇ ਇਨਕਲਾਬ ਵਿੱਚ ਵੀ ਹਿੱਸਾ ਪਾਉਂਦੀ ਹੈ। ਗੁਰਪ੍ਰੀਤ ਚੰਗੀ ਨਸਲ ਦੇ ਪਸ਼ੂ ਰੱਖ ਕੇ ਡੇਅਰੀ ਦੇ ਕਾਰੋਬਾਰ ਨੂੰ ਵਧਾਉਣ ਲਈ ਯਤਨਸ਼ੀਲ ਹੈ, ਉਸ ਦਾ ਛੋਟਾ ਭਰਾ ਆਈਲੈਟਸ ਦੀ ਪੜ੍ਹਾਈ ਦੀ ਤਿਆਰੀ ਕਰ ਰਿਹਾ ਹੈ, ਭੈਣ ਪੜ੍ਹਾਈ ਕਰ ਰਹੀ ਹੈ। ਗੁਰਪ੍ਰੀਤ ਦੀ ਸਖ਼ਤ ਮਿਹਨਤ ਕਰਕੇ ਅੱਜ ਉਸਦਾ ਪਰਿਵਾਰ ਖੁਸ਼ਹਾਲ ਅਤੇ ਸੁਖੀ ਪਰਿਵਾਰ ਹੈ। ਆਪਣੀ ਪੁੱਤਾਂ ਵਰਗੀ ਧੀ 'ਤੇ ਮਾਣ ਕਰਦਾ ਹੈ। ਪਰਿਵਾਰ ਦੇ ਕਿਸੇ ਜੀਆ ਨੇ ਕਿਸੇ ਰਿਸ਼ਤੇਦਾਰੀ ਵਿੱਚ ਜਾਂ ਘਰੇਲੂ ਕੰਮ ਲਈ ਸੁਰਗਾਪੁਰੀ ਦੀ ਢਾਣੀ ਤੋਂ 4 ਕੁ ਕਿਲੋਮੀਟਰ ਦੋਦਾ ਜਾਣਾ ਹੋਵੇ ਤਾਂ ਉਹ ਬਾਕਸਰ ਮੋਟਰ ਸਾਈਕਲ ਉੱਪਰ ਉਨ੍ਹਾਂ ਨੂੰ ਲੈ ਕੇ ਜਾਂਦੀ ਹੈ। ਜਦੋਂ ਗੁਰਪ੍ਰੀਤ ਤੋਂ ਪੁੱਛਿਆ ਕਿ ਇਸ ਬਦਲੇ ਤੁਹਾਨੂੰ ਪਿੰਡ ਨੇ ਜਾਂ ਸਰਕਾਰ ਕਦੇ ਸਨਮਾਨਿਤ ਨਹੀਂ ਕੀਤਾ ਤਾਂ ਗੁਰਪ੍ਰੀਤ ਦਾ ਕਹਿਣਾ ਸੀ ਕਿ ਜਦੋਂ ਮੈਂ ਬਚਪਨ ਤੋਂ ਖੇਤੀ ਕਰਨ ਅਤੇ ਮੁੰਡਿਆਂ ਵਾਗ ਪਹਿਰਾਵਾ ਪਾਉਣਾ ਸ਼ੁਰੂ ਕੀਤਾ ਸੀ ਤਾਂ ਉਸ ਸਮੇਂ ਪਿੰਡ ਵੱਲੋਂ ਵਿਰੋਧ ਵੀ ਹੋਇਆ ਸੀ, ਪਰ ਮੈਂ ਕੋਈ ਮਾੜਾ ਕੰਮ ਨਹੀਂ ਕਰ ਰਹੀ ਇਸ ਲਈ ਮੈਂ ਕਿਸੇ ਵਿਰੋਧ ਦੀ ਪ੍ਰਵਾਹ ਨਹੀਂ ਕੀਤੀ। ਰਹੀ ਗੱਲ ਮਾਨ-ਸਨਮਾਨ ਦੀ ਦੋ ਕੁ ਸਾਲ ਪਹਿਲਾਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪਿੰਡ ਵਿੱਚ ਜ਼ਰੂਰ ਸਨਮਾਨਿਤ ਕੀਤਾ ਸੀ ਪਰ ਪਿੰਡ ਪੱਧਰ ਤੇ ਮੈਨੂੰ ਅਜੇ ਤੱਕ ਕੋਈ ਹੌਂਸਲਾ ਨਹੀਂ ਦਿੱਤਾ ਕਿਉਂਕਿ ਜਦੋਂ ਤੱਕ ਸਾਡਾ ਸਮਾਜ ਸਾਨੂੰ ਮੁੰਡਿਆਂ ਦੇ ਬਰਾਬਰ ਨਹੀਂ ਸਮਝਦਾ ਉਦੋਂ ਤੱਕ ਕੋਈ ਵੀ ਸਨਮਾਨ ਸਾਡੇ ਲਈ ਮਾਇਨੇ ਨਹੀਂ ਰੱਖਦਾ। ਗੁਰਪ੍ਰੀਤ ਕਹਿੰਦੀ ਹੈ ਕਿ ਜਗਤ ਬਾਬੇ ਨਾਨਕ ਨੇ ਔਰਤ ਨੂੰ ਕਿੱਡਾ ਮਾਣ ਦਿੱਤਾ ਪਰ ਅੱਜ ਅਸੀਂ ਉਸ ਮਹਾਨ ਰਹਿਬਰ ਦੀਆਂ ਸਿੱਖਿਆਵਾਂ ਨੂੰ ਮੰਨ ਹੀ ਨਹੀਂ ਰਹੇ ਉਂਝ ਹੀ ਬਾਬੇ ਨਾਨਕ ਦੇ ਸਿੱਖ ਹੋਣ ਦੇ ਦਮਗਜੇ ਮਾਰ ਰਹੇ ਹਾਂ। ਅੱਜ ਵੀ ਮਾਂ ਦੀ ਕੁੱਖ ਧੀਆਂ ਲਈ ਕਬਰਿਸਤਾਨ ਅਤੇ ਹਸਪਤਾਲ ਕਤਲਗਾਹਾਂ ਬਣੇ ਹੋਏ ਹਨ। ਗੁਰਪ੍ਰੀਤ ਸਰਕਾਰ ਉੱਪਰ ਗਿਲ੍ਹਾ ਜ਼ਰੂਰ ਕਰਦੀ ਹੈ ਕਿ ਜੇਕਰ ਮੈਨੂੰ ਖੇਤੀਬਾੜੀ ਵਿਭਾਗ ਵਿੱਚ ਕੋਈ ਨੌਕਰੀ ਦੇਵੇ ਤਾਂ ਮੈਂ ਖੇਤੀ ਲਈ ਨਵੇਂ-ਨਵੇਂ ਬੀਜ, ਖੇਤੀ ਲਈ ਨਵੇਂ-ਨਵੇਂ ਤਜਰਬੇ ਅਤੇ ਡੇਅਰੀ ਰਾਹੀਂ ਚਿੱਟੇ ਇਨਕਲਾਬ ਵਿੱਚ ਵੀ ਹਿੱਸਾ ਪਾ ਸਕਦੀ ਹਾਂ ਪਰ ਇਹ ਮੇਰੀ ਕਿਸਮਤ ਕਿੱਥੇ। ਇੱਥੇ ਤਾਂ ਨੌਕਰੀਆਂ ਦੀਆਂ ਬੋਲੀਆਂ ਲੱਗਦੀਆਂ ਹਨ। ਮੈਂ ਇੱਕ ਸਾਧਾਰਨ ਕਿਸਾਨ ਪਰਿਵਾਰ ਵਿੱਚ ਜਨਮੀ ਹੋਣ ਕਰਕੇ ਨੌਕਰੀ ਲਈ ਪੈਸਾ ਕਿੱਥੋਂ ਲਿਆਵਾਂ। ਕੀ ਪੰਜਾਬ ਸਰਕਾਰ ਇਸ ਦਲੇਰ ਬੱਚੀ ਲਈ ਕਦੇ ਸੋਚੇਗੀ?

ਗੁਰਨੈਬ ਸਾਜਨ ਦਿਓਣ

ਫ਼ੋਟੋਗਰਾਫ਼ੀ ਦੀ ਕਲਾ ਦਾ ਵਣਜਾਰਾ

ਵਿਸ਼ਵਜੀਤ ਸ਼ਰਮਾ

ਹਰ ਇੱਕ ਇਨਸਾਨ ਚਾਹੁੰਦਾ ਹੈ ਕਿ ਉਸ ਦੀ ਸਮਾਜ ਵਿੱਚ ਵੱਖਰੀ ਪਹਿਚਾਣ ਹੋਵੇ। ਉਹ ਕੋਈ ਅਜਿਹਾ ਕੰਮ ਕਰੇ ਕਿ ਹਰ ਇੱਕ ਇਨਸਾਨ ਉਸ ਨੂੰ ਸਤਿਕਾਰਤ ਨਜ਼ਰਾਂ ਨਾਲ ਦੇਖੇ। ਜੋ ਲੋਕ ਮਿਹਨਤ ਕਰਦੇ ਹਨ, ਸਫ਼ਲਤਾ ਉਨ੍ਹਾਂ ਦੇ ਪੈਰ ਚੁੰਮਦੀ ਹੈ। ਇਵੇਂ ਉਹ ਆਪਣੀ ਵੱਖਰੀ ਹੋਂਦ ਸਥਾਪਿਤ ਕਰ ਲੈਂਦੇ ਹਨ। ਜ਼ਿੰਦਗੀ ਜਿਉਣ ਦਾ ਮਜ਼ਾ ਉਨ੍ਹਾਂ ਲੋਕਾਂ ਨੂੰ ਹੀ ਆਉਂਦਾ ਹੈ, ਜੋ ਸੰਘਰਸ਼ ਕਰਨਾ ਜਾਣਦੇ ਹਨ। ਅਜਿਹਾ ਮਿਹਨਤੀ ਇਨਸਾਨ ਹੈ ਫੋਟੋਗਰਾਫਰ ਦੀ ਦੁਨੀਆਂ 'ਚੋਂ ਵਿਸ਼ਵਜੀਤ ਸ਼ਰਮਾ। ਕੋਈ ਸਮਾਂ ਸੀ ਜਦੋਂ ਲੋਕ ਕੈਮਰੇ ਅੱਗੇ ਖੜ੍ਹਨ ਤੋਂ ਡਰਦੇ ਸਨ। ਉਹ ਸੋਚਦੇ ਹੁੰਦੇ ਸਨ ਕਿ ਸਾਡੇ ਸਰੀਰ ਦਾ ਨੁਕਸਾਨ ਨਾ ਹੋ ਜਾਵੇ। ਕੈਮਰੇ ਤੋਂ ਵੱਧ ਲੋਕ ਹੱਥ ਨਾਲ ਚਿੱਤਰ ਬਣਾਉਂਦੇ ਸਨ। ਅੱਜ ਟੈਕਨੀਕਲ ਕੰਪਿਊਟਰ ਯੁੱਗ ਹੈ। ਕੰਪੀਟੀਸ਼ਨ ਦਾ ਯੁੱਗ ਹੈ। ਹਰ ਇਨਸਾਨ ਇੱਕ ਦੂਜੇ ਤੋਂ ਅੱਗੇ ਵੱਧਣ ਦੀ ਸੋਚਦਾ ਹੈ। ਅਜਿਹੇ ਹੀ ਮਿਹਨਤੀ ਸੋਚ ਦੇ ਚਿਰਾਗ ਵਿਸ਼ਵਜੀਤ ਸ਼ਰਮਾ ਦਾ ਜਨਮ ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਸ਼ਹਿਰ ਵਿਖੇ ਪਿਤਾ ਸਵ: ਅਮੀ ਚੰਦ ਦੇ ਘਰ ਮਾਤਾ ਮਾਇਆ ਦੇਵੀ ਦੀ ਕੁੱਖੋਂ ਹੋਇਆ। ਪਰਿਵਾਰ 'ਚੋਂ ਛੋਟਾ ਹੋਣ ਕਰਕੇ ਸਾਰੇ ਪਿਆਰ ਨਾਲ ਬਿੱਟੂ ਕਹਿ ਕੇ ਪੁਕਾਰਨ ਲੱਗੇ। ਬਿੱਟੂ ਦੀ ਛੋਟੀ ਉਮਰ ਵਿੱਚ ਹੀ ਪਿਤਾ ਦਾ ਸਿਰ ਤੋਂ ਸਾਇਆ ਉਠ ਜਾਣ ਤੇ ਉਦਾਸ ਜਿਹਾ ਹੋ ਗਿਆ। ਉਦਾਸੀ ਦੇ ਪਰਛਾਵੇਂ ਹੇਠ ਇਨਸਾਨ ਕੁਝ ਨਾ ਕੁਝ ਆਪਣੇ ਮਨ ਅੰਦਰ ਉਜਾਗਰ ਕਰਦਾ ਹੈ। ਇਹ ਕੁਦਰਤ ਦਾ ਕਰਿਸ਼ਮਾ ਹੀ ਹੁੰਦਾ ਹੈ। ਮੈਟ੍ਰਿਕ ਤੱਕ ਦੀ ਪੜ੍ਹਾਈ ਪੂਰੀ ਕਰਦਿਆਂ ਹੀ ਵਿਸ਼ਵਜੀਤ ਨੇ ਹੱਥ ਦੀਆਂ ਤਸਵੀਰਾਂ ਬਣਾਉਣੀਆਂ ਸ਼ੁਰੂ ਕੀਤੀਆਂ। ਕੈਮਰੇ ਬਾਰੇ ਬਾਰੀਕੀਆਂ ਸਿੱਖਣ ਲਈ ਉਸਤਾਦ ਕਮਲ ਪਰਦੀਪ ਜੋਸ਼ੀ ਜੀ ਕੋਲ ਜਾਣ ਲੱਗ ਪਿਆ। ਹੌਲੀ-ਹੌਲੀ ਮੰਜ਼ਿਲ ਵੱਲ ਵੱਧਦਾ ਇਹ ਵਧੀਆ ਫੋਟੋਗਰਾਫਰ ਬਣ ਗਿਆ। ਇਸ ਨੇ ਬਰਨਾਲਾ ਜ਼ਿਲ੍ਹੇ ਦੀ ਸਬ ਡਵੀਜ਼ਨ ਤਪਾ-ਮੰਡੀ ਵਿਖੇ ਆ ਕੇ 'ਕੁਮਾਰ ਸਟੂਡੀਓ' ਨਾਂ ਦਾ ਇੱਕ ਛੋਟਾ ਜਿਹਾ ਸਟੂਡੀਓ ਖੋਲ੍ਹਿਆ ਜਿਵੇਂ ਸਿਆਣੇ ਕਹਿੰਦੇ ਹਨ ਕਿ ਮਿਹਨਤ ਕੀਤੀ ਅਜਾਈਂ ਨਹੀਂ ਜਾਂਦੀ ਉਸੇ ਤਰ੍ਹਾਂ ਵਿਸ਼ਵਜੀਤ ਦੀ ਗੁੱਡੀ ਵੀ ਅੰਬਰੀ ਚੜ੍ਹਨ ਲੱਗੀ। ਉਹ ਆਪਣੀਆਂ ਸੁੰਦਰ ਮਨਮੋਹਕ ਖਿੱਚੀਆਂ ਤਸਵੀਰਾਂ ਮੈਗਜ਼ੀਨਾਂ, ਅਖ਼ਬਾਰਾਂ ਨੂੰ ਭੇਜਣ ਲੱਗਾ। ਉਸ ਦੀਆਂ ਤਸਵੀਰਾਂ 'ਅੱਜ ਦੀ ਆਵਾਜ਼' ਅਤੇ ਹੋਰ ਅਖ਼ਬਾਰਾਂ ਨੇ ਛਾਪੀਆਂ। ਵਿਸ਼ਵਜੀਤ ਇੱਕ ਪੰਜਾਬੀ ਅਖ਼ਬਾਰ ਦਾ ਪ੍ਰੈੱਸ ਫੋਟੋਗਰਾਫਰ ਵੀ ਹੈ। ਜਾਨ ਤੋਂ ਪਿਆਰੇ ਦੋਸਤ ਸੋਨੀ, ਰਜਿੰਦਰ ਵਾਲੀਆ, ਬਸੰਤ ਭੋਲਾ ਦਾ ਤਹਿ ਦਿਲੋਂ ਸਤਿਕਾਰ ਕਰਦਾ ਹੈ। ਅਨੇਕਾਂ ਸੰਸਥਾਵਾਂ, ਕਲੱਬਾਂ ਵਲੋਂ ਵਿਸ਼ਵਜੀਤ ਸ਼ਰਮਾ ਦਾ ਸਨਮਾਨ ਕੀਤਾ ਗਿਆ ਤੇ ਕੀਤਾ ਜਾ ਰਿਹਾ ਹੈ। ਅੱਜ-ਕੱਲ੍ਹ ਤਪਾ ਸ਼ਹਿਰ ਵਿਖੇ ਆਪਣੀ ਜੀਵਨ ਸਾਥਣ ਰੁਪਿੰਦਰ ਕੌਰ ਤੇ ਬੇਟਾ ਅਨਮੋਲ ਸ਼ਰਮਾ ਨਾਲ ਜ਼ਿੰਦਗੀ ਬਤੀਤ ਕਰ ਰਿਹਾ ਹੈ। ਵਿਸ਼ਵਜੀਤ ਸ਼ਰਮਾ ਆਪਣੇ ਬੇਟਾ ਅਤੇ ਬੇਟੀ ਨੂੰ ਇੰਜੀਨੀਅਰਿੰਗ ਦੀ ਪੜ੍ਹਾਈ ਕਰਵਾ ਰਿਹਾ ਹੈ। ਅਦਾਰਾ 'ਅੱਜ ਦੀ ਆਵਾਜ਼' ਵਲੋਂ ਦੁਆ ਕਰਦੇ ਹਾਂ ਕਿ ਵਿਸ਼ਵਜੀਤ ਸ਼ਰਮਾ ਮੰਜ਼ਿਲਾਂ

-ਯਾਦੂ ਭੁੱਲਰ

ਜਨਮ ਦਿਨ ਮੁਬਾਰਕ

ਅੰਕਿਤਾ ਕੁਮਾਰੀ
ਪਿਤਾ ਦਾ ਨਾਂਅ: ਮਹਿੰਦਰ ਕੁਮਾਰ
ਮਾਤਾ ਦਾ ਨਾਂਅ: ਸੰਤੋਸ਼ ਕੁਮਾਰੀ
ਜਲੰਧਰ।